# ਮਿਨੀਮਮ ਵੇਜ 'ਚ ਵਾਧਾ

ਜਿਹੜੇ ਵਰਕਰ ਫੈਡਰਲ ਦੇ ਲੇਬਰ ਕਾਨੂੰਨਾ ਅਨੁਸਾਰ ਕੈਨੇਡਾ ਭਰ 'ਚ ਕੰਮ ਕਰਦੇ ਹਨ ਅਤੇ ਜਿਹੜੇ ਵਰਕਰ ਉਨਟਾਰੀਓ ਦੇ ਲੇਬਰ ਕਾਨੂੰਨਾ ਹੇਠ ਕੰਮ ਕਰਦੇ ਹਨ, ਉਹਨਾ ਸਾਰਿਆਂ ਦੀ ਮਿਨੀਮਮ ਵੇਜ ਵੱਧ ਗਈ ਹੈ।

## ਉਨਟਾਰੀਓ 'ਚ ਮਿਨੀਮਮ ਵੇਜ 15 ਡਾਲਰ ਹੋਵੇਗੀ

1 ਜਨਵਰੀ 2022 ਤੋਂ ਆਮ ਮਿਨੀਮਮ ਵੇਜ 'ਚ ਵਾਧਾ ਹੋ ਜਾਵੇਗਾ।

ਤੁਸੀਂ ਆਪਣੇ ਕੰਮ 'ਤੇ ਜਿਹੜਾ ਵੀ ਘੰਟਾ ਕੰਮ ਕਰੋਂਗੇ ਉਸ ਸਮੇਂ ਦੀ ਤੁਹਾਨੂੰ ਮਿਨੀਮਮ ਵੇਜ 15 ਡਾਲਰ ਦੇਣੀ ਹੀ ਪਵੇਗੀ। ਕੁਝ ਵਰਕਰ ਜਿੰਨ੍ਹਾ 'ਚ ਫਾਰਮ ਵਰਕਰ ਵੀ ਆਉਂਦੇ ਹਨ ਉਹਨਾ ਲਈ ਮਿਨੀਮਮ ਵੇਜ ਦੇ ਕਾਨੂੰਨ ਵੱਖਰੇ ਹਨ। ਜੇ ਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਸਹੀ ਮਿਨੀਮਮ ਵੇਜ ਦੇ ਅਨੁਸਾਰ ਪੇਅ ਨਹੀਂ ਕੀਤਾ ਜਾ ਰਿਹਾ ਜਾਂ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਮਿਨੀਮਮ ਵੇਜ ਦਾ ਕਾਨੂੰਨ ਤੁਹਾਡੇ 'ਤੇ ਵੀ ਲਾਗੂ ਹੁੰਦਾ ਹੈ, ਤਾਂ ਸਾਨੂੰ ਫ਼ੋਨ ਕਰ ਲਵੋ।

ਦਾਰੂ ਸਰਵ ਕਰਨ ਵਾਲੇ ਵਰਕਰਾਂ ਲਈ ਵੱਡਾ ਫਰਕ ਪਿਆ ਹੈ: ਦਾਰੂ ਸਰਵ ਕਰਨ ਵਾਲੇ ਵਰਕਰਾਂ ਨੂੰ ਆਮ ਮਿਨੀਮਮ ਵੇਜ ਨਾਲੋਂ ਘੱਟ ਪੇਅ ਕੀਤਾ ਜਾਂਦਾ ਸੀ। ਹੁਣ 1 ਜਨਵਰੀ 2022 ਤੋਂ ਇਹਨਾ ਵਰਕਰਾਂ ਨੂੰ ਵੀ ਆਮ ਮਿਨੀਮਮ ਵੇਜ ਜਿੰਨੀ ਹੀ ਪੇਅ ਮਿਲਿਆ ਕਰੇਗੀ।

| | ਆਮ ਮਿਨੀਮਮ ਵੇਜ | ਦਾਰੂ ਸਰਵ ਕਰਨ ਵਾਲਿਆਂ ਦੀ ਮਿਨੀਮਮ ਵੇਜ | 18 ਸਾਲ ਤੋਂ ਘੱਟ ਉਮਰ ਦੇ ਸਟੂਡੈਂਟਸ ਲਈ |
|---|---|---|---|
| 1 ਜਨਵਰੀ 2022 | $15.00 | $15.00 | $14.10 |
| 1 ਅਕਤੂਬਰ 2022 | $15 + ਰਹਿਣ ਸਹਿਣ ਦਾ ਵੱਧਦਾ ਖਰਚਾ | $15 + ਰਹਿਣ ਸਹਿਣ ਦਾ ਵੱਧਦਾ ਖਰਚਾ | $14. 10 + ਰਹਿਣ ਸਹਿਣ ਦਾ ਵੱਧਦਾ ਖਰਚਾ |

## ਫੈਡਰਲ ਮਿਨੀਮਮ ਵੇਜ 15 ਡਾਲਰ

29 ਦਸੰਬਰ 2021 ਤੋਂ ਫੈਡਰਲ ਲੇਬਰ ਕਾਨੂੰਨਾ ਹੇਠ ਕੰਮ ਕਰਦੇ ਵਰਕਰਾਂ ਦੇ ਕੰਮਾਂ 'ਤੇ ਮਿਨੀਮਮ ਵੇਜ 15 ਡਾਲਰ ਹੋ ਜਵੇਗੀ। ਇਸ ਤੋਂ ਪਹਿਲਾਂ ਫੈਡਰਲ ਦੀ ਮਿਨੀਮਮ ਵੇਜ ਹਰ ਪਰੋਵਿੰਸਜ਼ ਅਤੇ ਟੈਰੇਟਰੀ ਦੀ ਮਿਨੀਮਮ ਵੇਜ ਨਾਲ ਹੀ ਤਹਿ ਹੁੰਦੀ ਸੀ।



#223-720 Spadina Avenue
Toronto, Ontario M5S 2T9
Phone: (416) 531-0778
Fax: (416) 533-0107
www.WorkersActionCentre.org

ਜਿਹੜੇ ਵਰਕਰ ਇਹਨਾ ਸੈਕਟਰਾਂ ‘ਚ ਕੰਮ ਕਰਦੇ ਹਨ ਜਿਵੇਂ, ਬੈਂਕਾਂ, ਟੈਲੀਕਿਮਊਨੀਕੇਸ਼ਨਜ਼, ਇਕ ਪਰੋਵਿੰਸ ਤੋਂ ਦੂਜੇ ਪਰੋਵਿੰਸ ਨਾਲ ਸਬੰਧਤ ਕੰਮ ਅਤੇ ਅੰਤਰਰਾਸਟਰੀ ਆਵਾਜਾਈ ਨਾਲ ਜੁੜੇ ਕੰਮ, ਫੈਡਰਲ ਕਰਾਊਂਨ ਕਾਰਪੋਰੇਸ਼ਨਜ਼ ਅਤੇ ਰਿਜ਼ਰਵਜ਼ ‘ਤੇ ਰਹਿਣ ਵਾਲੇ ਫ਼ਸਟ ਨੈਸਨਜ਼ ਦੇ ਲੋਕਾਂ ਨਾਲ ਸਬੰਧਤ ਕੁਝ ਕੰਮ, ਇਹ ਸਾਰੇ ਕੈਨੇਡਾ ਦੇ ਲੇਬਰ ਕੋਡ ਦੇ ਅਧੀਨ ਆਉਂਦੇ ਹਨ। ਇਸ ਸੈਕਟਰ ਦੇ ਅਧੀਨ ਕੋਈ 10 ਲੱਖ ਦੇ ਕਰੀਬ ਵਰਕਰ ਆਉਂਦੇ ਹਨ।

ਆਪਣੇ ਬਚਾਓ ਲਈ

- ਜੇ ਕਰ ਤੁਹਾਡਾ ਬੌਸ ਤੁਹਾਨੂੰ ਮਿਨੀਮਮ ਵੇਜ ਤੋਂ ਘੱਟ ਪੇਅ ਕਰਦਾ ਹੈ, ਤਾਂ ਕੰਮ ‘ਤੇ ਲਾਏ ਸਾਰੇ ਘੰਟਿਆਂ ਦਾ, ਦਿਨਾਂ ਦਾ, ਤਾਰੀਖਾਂ ਦਾ ਅਤੇ ਜਿੰਨੀ ਤੁਹਾਨੂੰ ਪੇਅ ਦਿੱਤੀ ਹੈ ਇਸ ਸਭ ਦਾ ਰਿਕਾਰਡ ਬਣਾਕੇ ਆਪਣੇ ਘਰੇ ਸਾਂਭ ਕੇ ਰੱਖੋ।
- ਕੀ ਤੁਹਾਡਾ ਬੌਸ ਸਾਰੇ ਵਰਕਰਾਂ ਨੂੰ ਹੀ ਮਿਨੀਮਮ ਵੇਜ ਤੋਂ ਘੱਟ ਪੇਅ ਦਿੰਦਾ ਹੈ? ਜਿਹੜੇ ਲੋਕ ਤੁਹਾਡੇ ‘ਤੇ ਭਰੋਸਾ ਕਰਦੇ ਹਨ ਉਹਨਾ ਨਾਲ ਗੱਲ-ਬਾਤ ਕਰੋ ਅਤੇ ਸਾਡੇ ਨਾਲ ਮੀਟਿੰਗ ਰੱਖਣ ਦਾ ਬੰਦੋਬਸਤ ਕਰੋ ਤਾਂ ਕਿ ਅਸੀਂ ਦੱਸ ਸਕੀਏ ਕਿ ਤੁਹਾਡੀ ਪੇਅ ‘ਚ ਵਾਧਾ ਅਤੇ ਕੰਮ ਕਰਨ ਦੀਆਂ ਹਾਲਤਾਂ ‘ਚ ਸੁਧਾਰ ਕਿਵੇਂ ਲਿਆਂਦਾ ਜਾ ਸਕਦਾ ਹੈ।।
- ਜਦੋਂ ਮਿਨੀਮਮ ਵੇਜ ਵੱਧਦੀ ਹੈ ਉਦੋਂ ਕਈ ਮਾਲਕ ਜਾਂ ਕੰਪਨੀਆਂ ਆਪਣੇ ਵਰਕਰਾਂ ਨੂੰ ਦਿੱਤੇ ਜਾਂਦੇ ਬੈਨੇਫਿਟਜ਼ ਕੱਟ ਦਿੰਦੀਆਂ ਹਨ, ਜਿਵੇਂ ਕੰਮ ਦੇ ਘੰਟੇ, ਟਿੱਪਸ ਜਾਂ ਉਹਨਾਂ ਚੀਜ਼ਾਂ ਦੇ ਪੈਸੇ ਕੱਟਣ ਲੱਗ ਪੈਂਦੀਆਂ ਹਨ ਜੋ ਪਹਿਲਾਂ ਮੁਫਤ ਦਿੰਦੇ ਸਨ। ਇਹ ਗੱਲ ਸਹੀ ਨਹੀਂ ਹੈ। ਜੇ ਕਰ ਇਹੋ ਜਿਹਾ ਕੁਝ ਤੁਹਾਡੇ ਕੰਮ ‘ਤੇ ਵਾਪਰਦਾ ਹੈ ਤਾਂ ਮਦਦ ਲਈ ਸਾਨੂੰ ਕਾਲ ਕਰੋ।

December 2021



#223-720 Spadina Avenue
Toronto, Ontario M5S 2T9
Phone: (416) 531-0778
Fax: (416) 533-0107
www.WorkersActionCentre.org